ਮਿੱਠੇ ਬੱਚੇ:- "ਮਿੱਠੇ ਬੱਚੇ - ਰੂਹਾਨੀ ਸਰਜਨ ਤੁਹਾਨੂੰ ਗਿਆਨ-ਯੋਗ ਦੀ ਫ਼ਸਟਕਲਾਸ ਵੰਡਰਫੁਲ ਖ਼ੁਰਾਕ ਖਵਾਉਂਦੇ ਹਨ, ਇਹ ਹੀ ਰੂਹਾਨੀ ਖ਼ੁਰਾਕ ਇਕ ਦੂਸਰੇ ਨੂੰ ਖਵਾਉਂਦੇ ਸਬ ਦੀ ਖਾਤਰੀ ਕਰਦੇ ਰਹੋ"

ਪ੍ਰਸ਼ਨ:- ਵਿਸ਼ਵ ਦਾ ਰਾਜਭਾਗ ਲੈਣ ਲਈ ਕਿਹੜੀ ਇਕ ਮਿਹਨਤ ਕਰੋ? ਪੱਕੀ-ਪੱਕੀ ਆਦਤ ਪਾਓ?

ਉੱਤਰ:- ਗਿਆਨ ਦੀ ਤੀਸਰੀ ਅੱਖ ਨਾਲ ਅਕਾਲ ਤਖ਼ਤਨਸ਼ੀਨ ਆਤਮਾ ਭਾਈ ਨੂੰ ਦੇਖਣ ਦੀ ਮਿਹਨਤ ਕਰੋ। ਭਾਈ-ਭਾਈ ਸਮਝ ਸਾਰਿਆਂ ਨੂੰ ਗਿਆਨ ਦਿਓ। ਪਹਿਲਾਂ ਖ਼ੁਦ ਨੂੰ ਆਤਮਾ ਸਮਝ ਫਿਰ ਭਾਈਆਂ ਨੂੰ ਸਮਝਾਓ, ਇਹ ਆਦਤ ਪਾਓ ਤਾਂ ਵਿਸ਼ਵ ਦਾ ਰਾਜਭਾਗ ਮਿਲ ਜਾਏਗਾ। ਇਸੇ ਆਦਤ ਨਾਲ ਸ਼ਰੀਰ ਦਾ ਭਾਨ ਨਿਕਲ ਜਾਏਗਾ, ਮਾਇਆ ਦੇ ਤੂਫ਼ਾਨ ਜਾਂ ਭੈੜੇ ਸੰਕਲਪ ਵੀ ਨਹੀਂ ਆਉਣਗੇ। ਦੂਸਰਿਆਂ ਨੂੰ ਗਿਆਨ ਦਾ ਤੀਰ ਵੀ ਚੰਗਾ ਲੱਗੇਗਾ ।

ਓਮ ਸ਼ਾਂਤੀ। ਗਿਆਨ ਦੀ ਤੀਸਰੀ ਅੱਖ ਦੇਣ ਵਾਲਾ ਰੂਹਾਨੀ ਬਾਪ ਬੈਠ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ। ਗਿਆਨ ਦੀ ਤੀਸਰੀ ਅੱਖ ਸਿਵਾਏ ਬਾਪ ਦੇ ਹੋਰ ਕੋਈ ਦੇ ਨਹੀਂ ਸਕਦਾ। ਹੁਣ ਤੁਹਾਨੂੰ ਬੱਚਿਓ ਨੂੰ ਗਿਆਨ ਦੀ ਤੀਸਰੀ ਅੱਖ ਮਿਲੀ ਹੈ। ਤੁਸੀਂ ਜਾਣਦੇ ਹੋ ਹੁਣ ਇਹ ਪੁਰਾਣੀ ਦੁਨੀਆ ਬਦਲਣ ਵਾਲੀ ਹੈ। ਵਿਚਾਰੇ ਮਨੁੱਖ ਨਹੀਂ ਜਾਣਦੇ ਕਿ ਕੌਣ ਬਦਲਣ ਵਾਲਾ ਹੈ ਅਤੇ ਕਿਸ ਤਰ੍ਹਾਂ ਬਦਲਾਉਂਦੇ ਹਨ ਕਿਓਂ ਕਿ ਉਹਨਾਂ ਕੋਲ ਗਿਆਨ ਦੀ ਤੀਸਰੀ ਅੱਖ ਹੀ ਨਹੀਂ ਹੈ। ਤੁਹਾਨੂੰ ਬੱਚਿਆਂ ਨੂੰ ਹੁਣ ਗਿਆਨ ਦੀ ਤੀਸਰੀ ਅੱਖ ਮਿਲੀ ਹੈ ਜਿਸ ਨਾਲ ਤੁਸੀਂ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਨੂੰ ਜਾਣ ਗਏ ਹੋ। ਇਹ ਹੈ ਗਿਆਨ ਦੀ ਸਕ੍ਰੀਨ। ਸਕ੍ਰੀਨ ਦੀ ਇੱਕ ਬੂੰਦ ਵੀ ਕਿੰਨੀ ਮਿੱਠੀ ਹੁੰਦੀ ਹੈ। ਗਿਆਨ ਦਾ ਵੀ ਇੱਕ ਹੀ ਅੱਖਰ ਹੈ ਮਨਮਨਾਭਵ। ਖ਼ੁਦ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਬਾਪ ਸ਼ਾਂਤੀਧਾਮ ਅਤੇ ਸੁੱਖਧਾਮ ਦਾ ਰਸਤਾ ਦੱਸ ਰਹੇ ਹਨ। ਬਾਪ ਆਏ ਹਨ ਬੱਚਿਆਂ ਨੂੰ ਸਵਰਗ ਦਾ ਵਰਸਾ ਦੇਣ, ਤਾਂ ਬੱਚਿਆਂ ਨੂੰ ਕਿੰਨੀ ਖੁਸ਼ੀ ਰਹਿਣੀ ਚਾਹੀਦੀ ਹੈ। ਕਹਿੰਦੇ ਵੀ ਹਨ ਖੁਸ਼ੀ ਵਰਗੀ ਖੁਰਾਕ ਨਹੀਂ। ਜੋ ਸਦਾ ਖੁਸ਼ੀ ਮੌਜ ਵਿੱਚ ਰਹਿੰਦੇ ਹਨ ਉਹਨਾਂ ਲਈ ਉਹ ਜਿਵੇਂ ਖੁਰਾਕ ਹੁੰਦੀ ਹੈ। 21 ਜਨਮ ਮੌਜ ਵਿੱਚ ਰਹਿਣ ਦੀ ਇਹ ਜ਼ਬਰਦਸਤ ਖੁਰਾਕ ਹੈ। ਇਹ ਖੁਰਾਕ ਸਦਾ ਇੱਕ ਦੂਸਰੇ ਨੂੰ ਖਵਾਉਂਦੇ ਰਹੋ। ਤੁਸੀ ਸ਼੍ਰੀਮਤ ਤੇ ਸਾਰਿਆਂ ਦੀ ਰੂਹਾਨੀ ਖਾਤਰੀ ਕਰਦੇ ਹੋ। ਸੱਚੀ-ਸੱਚੀ ਖੁਸ਼-ਖਰਾਫ਼ਤ ਵੀ ਇਹ ਹੀ ਹੈ- ਕਿਸੇ ਨੂੰ ਬਾਪ ਦਾ ਪਰੀਚੈ ਦੇਣਾ। ਮਿੱਠੇ ਬੱਚੇ ਜਾਣਦੇ ਹਨ ਬੇਹੱਦ ਦੇ ਬਾਪ ਦੁਆਰਾ ਸਾਨੂੰ ਜੀਵਨਮੁਕਤੀ ਦੀ ਖ਼ੁਰਾਕ ਮਿਲਦੀ ਹੈ। ਸਤਿਯੁੱਗ ਵਿਚ ਭਾਰਤ ਜੀਵਨਮੁਕਤ ਸੀ, ਪਾਵਨ ਸੀ। ਬਾਪ ਬਹੁਤ ਵੱਡੀ ਉੱਚੀ ਖੁਰਾਕ ਦਿੰਦੇ ਹਨ ਤਾਂ ਹੀ ਤਾਂ ਗਾਇਨ ਹੈ ਅਤਿੰਦਰੀਆਂ ਸੁੱਖ ਪੁੱਛਣਾ ਹੋਵੇ ਤਾਂ ਗੋਪ-ਗੋਪੀਆਂ ਨੂੰ ਪੁੱਛੋ। ਇਹ ਗਿਆਨ ਅਤੇ ਯੋਗ ਦੀ ਕਿੰਨੀ ਫ਼ਸਟਕਲਾਸ ਵੰਡਰਫੁਲ ਖੁਰਾਕ ਹੈ ਅਤੇ ਇਹ ਖੁਰਾਕ ਇੱਕ ਹੀ ਰੂਹਾਨੀ ਸਰਜਨ ਦੇ ਕੋਲ ਹੈ। ਹੋਰ ਕਿਸੇ ਨੂੰ ਵੀ ਇਸ ਖੁਰਾਕ ਦਾ ਪਤਾ ਹੀ ਨਹੀਂ ਹੈ।

ਬਾਪ ਕਹਿੰਦੇ ਹੁਣ ਮਿੱਠੇ ਬੱਚੇ ਤੁਹਾਡੇ ਲਈ ਹਥੇਲੀ ਤੇ ਸੌਗਾਤ ਲੈ ਆਇਆ ਹਾਂ। ਮੁਕਤੀ- ਜੀਵਨਮੁਕਤੀ ਦੀ ਇਹ ਸੌਗਾਤ ਮੇਰੇ ਕੋਲ ਹੀ ਰਹਿੰਦੀ ਹੈ। ਕਲਪ-ਕਲਪ ਮੈਂ ਹੀ ਆਕੇ ਤੁਹਾਨੂੰ ਦਿੰਦਾ ਹਾਂ। ਫਿਰ ਰਾਵਣ ਖੋਹ ਲੈਂਦਾ ਹੈ। ਤਾਂ ਹੁਣ ਤੁਹਾਨੂੰ ਬੱਚਿਆਂ ਨੂੰ ਕਿੰਨਾ ਖੁਸ਼ੀ ਦਾ ਪਾਰਾ ਚੜ੍ਹਿਆ ਰਹਿਣਾ ਚਾਹੀਦਾ ਹੈ। ਤੁਸੀਂ ਜਾਣਦੇ ਹੋ ਸਾਡਾ ਇੱਕ ਹੀ ਬਾਪ, ਟੀਚਰ ਅਤੇ ਸੱਚਾ-ਸੱਚਾ ਸਤਿਗੁਰੂ ਹੈ ਜੋ ਸਾਨੂੰ ਨਾਲ ਲੈ ਜਾਂਦੇ ਹਨ। ਮੋਸਟ ਬਿਲਵੇਡ ਬਾਪ ਤੋਂ ਵਿਸ਼ਵ ਦੀ ਬਾਦਸ਼ਾਹੀ ਮਿਲਦੀ ਹੈ, ਇਹ ਘੱਟ ਗੱਲ ਹੈ ਕੀ! ਸਦਾ ਹਰਸ਼ਿਤ ਰਹਿਣਾ ਚਾਹੀਦਾ ਹੈ। ਗੌਡਲੀ ਸਟੂਡੈਂਟ ਲਾਈਫ ਇਜ਼ ਦ ਬੈਸਟ। ਇਹ ਹੁਣ ਦਾ ਹੀ ਗਾਇਨ ਹੈ। ਫਿਰ ਨਵੀਂ ਦੁਨੀਆਂ ਵਿੱਚ ਵੀ ਤੁਸੀਂ ਸਦਾ ਖੁਸ਼ੀਆਂ ਮਨਾਉਂਦੇ ਰਹੋਗੇ। ਦੁਨੀਆ ਨਹੀਂ ਜਾਣਦੀ ਕਿ ਸੱਚੀ-ਸੱਚੀ ਖੁਸ਼ੀਆਂ ਕਦੋਂ ਮਨਾਈਆਂ ਜਾਣਗੀਆਂ। ਮਨੁੱਖਾਂ ਨੂੰ ਤਾਂ ਸਤਿਯੁੱਗ ਦਾ ਗਿਆਨ ਹੀ ਨਹੀਂ ਹੈ। ਤਾਂ ਇਥੇ ਹੀ ਮਨਾਉਂਦੇ ਰਹਿੰਦੇ ਹਨ। ਪਰ ਇਸ ਪੁਰਾਣੀ ਤਮੋਪ੍ਰਧਾਨ ਦੁਨੀਆਂ ਵਿੱਚ ਖ਼ੁਸ਼ੀ ਕਿਥੋਂ ਆਈ! ਇਥੇ ਤਾਂ ਤ੍ਰਾਹੀ-ਤ੍ਰਾਹੀ ਕਰਦੇ ਰਹਿੰਦੇ ਹਨ। ਕਿੰਨੀ ਦੁੱਖ ਦੀ ਦੁਨੀਆਂ ਹੈ।

ਬਾਪ ਤੁਹਾਨੂੰ ਬੱਚਿਆਂ ਨੂੰ ਕਿੰਨਾ ਸਹਿਜ ਰਸਤਾ ਦੱਸਦੇ ਹਨ, ਗ੍ਰਹਿਸਥ - ਵਿਹਾਰ ਵਿੱਚ ਰਹਿੰਦੇ ਕਮਲ ਫੁੱਲ ਵਾਂਗ ਰਹੋ। ਧੰਦਾ-ਧੋਰੀ ਆਦਿ ਕਰਦੇ ਵੀ ਮੈਨੂੰ ਯਾਦ ਕਰਦੇ ਰਹੋ। ਜਿਸ ਤਰ੍ਹਾਂ ਆਸ਼ਿਕ ਅਤੇ ਮਸ਼ੂਕ ਹੁੰਦੇ ਹਨ, ਓਹ ਤਾਂ ਇਕ - ਦੂਸਰੇ ਨੂੰ ਯਾਦ ਕਰਦੇ ਰਹਿੰਦੇ ਹਨ। ਉਹ ਉਹਨਾਂ ਦਾ ਆਸ਼ਿਕ, ਉਹ ਉਹਨਾਂ ਦਾ ਮਾਸ਼ੂਕ ਹੁੰਦਾ ਹੈ। ਇੱਥੇ ਇਹ ਗੱਲ ਨਹੀਂ ਹੈ, ਇਥੇ ਤਾਂ ਸਾਰੇ ਇਕ ਮਾਸ਼ੂਕ ਦੇ ਜਨਮ-ਜਨਮਾਂਤਰ ਤੋਂ ਆਸ਼ਿਕ ਬਣ ਰਹਿੰਦੇ ਹੋ। ਬਾਪ ਤੁਹਾਡਾ ਆਸ਼ਿਕ ਨਹੀਂ ਬਣਦਾ। ਤੁਸੀਂ ਉਸ ਮਾਸ਼ੂਕ ਨੂੰ ਆਉਣ ਲਈ ਯਾਦ ਕਰਦੇ ਆਏ ਹੋ। ਜਦੋਂ ਦੁੱਖ ਜ਼ਿਆਦਾ ਹੁੰਦਾ ਤਾਂ ਜ਼ਿਆਦਾ ਸਿਮਰਨ ਕਰਦੇ ਹਨ, ਤਾਂ ਹੀਂ ਤੇ ਗਾਇਆ ਵੀ ਹੈ ਦੁੱਖ ਵਿੱਚ ਸਿਮਰਨ ਸਬ ਕਰਨ, ਸੁੱਖ ਵਿੱਚ ਕਰੇ ਨਾਂ ਕੋਈ। ਇਸ ਸਮੇਂ ਬਾਪ ਵੀ ਸਰਵਸ਼ਕਤੀਵਾਨ ਹੈ, ਦਿਨ-ਪ੍ਰਤੀਦਿਨ ਮਾਇਆ ਵੀ ਸਰਵਸ਼ਕਤੀਵਾਨ-ਤਮੋਪ੍ਰਧਾਨ ਹੁੰਦੀ ਜਾਂਦੀ ਹੈ। ਹੁਣ ਬਾਪ ਕਹਿੰਦੇ ਹਨ ਮਿੱਠੇ ਬੱਚੇ ਦੇਹੀ-ਅਭਿਮਾਨੀ ਬਣੋ। ਖ਼ੁਦ ਨੂੰ ਆਤਮਾ ਸਮਝ ਮੈਨੂੰ ਬਾਪ ਨੂੰ ਯਾਦ ਕਰੋ ਅਤੇ ਨਾਲ-ਨਾਲ ਦੈਵੀਗੁਣ ਵੀ ਧਾਰਨ ਕਰੋ ਤਾਂ ਤੁਸੀਂ ਇਸ ਤਰ੍ਹਾਂ ਦੇ(ਲਕਸ਼ਮੀ- ਨਰਾਇਣ) ਬਣ ਜਾਓਗੇ। ਇਸ ਪੜ੍ਹਾਈ ਵਿੱਚ ਮੁੱਖ ਗੱਲ ਹੈ ਹੀ ਯਾਦ ਦੀ। ਉੱਚੇ ਤੋ ਉੱਚੇ ਬਾਪ ਨੂੰ ਬਹੁਤ ਪਿਆਰ, ਸਨੇਹ ਨਾਲ ਯਾਦ ਕਰਨਾ ਚਾਹੀਦਾ ਹੈ। ਉਹ

ਬਾਪ ਹੀ ਨਵੀਂ ਦੁਨੀਆਂ ਦੀ ਸਥਾਪਨਾ ਕਰਨ ਵਾਲਾ ਹੈ। ਬਾਪ ਕਹਿੰਦੇ ਹਨ ਮੈਂ ਆਇਆ ਹਾਂ ਤੁਹਾਨੂੰ ਬੱਚਿਆਂ ਨੂੰ ਵਿਸ਼ਵ ਦਾ ਮਾਲਿਕ ਬਨਾਉਣ ਇਸ ਲਈ ਹੁਣ ਮੈਨੂੰ ਯਾਦ ਕਰੋ ਤਾਂ ਤੁਹਾਡੇ ਕਈ ਜਨਮਾਂ ਦੇ ਪਾਪ ਕਟ ਜਾਣਗੇ। ਪਤਿਤ-ਪਾਵਨ ਬਾਪ ਨੂੰ ਹੀ ਬਲਾਉਂਦੇ ਹਨ ਨਾ। ਹੁਣ ਬਾਪ ਆਏ ਹਨ, ਤਾਂ ਜਰੂਰ ਪਾਵਨ ਬਣਨਾ ਪਵੇ। ਬਾਪ ਦੁੱਖ-ਹਰਤਾ, ਸੁੱਖ-ਕਰਤਾ ਹੈ। ਬਰੋਬਰ ਸਤਿਯੁੱਗ ਵਿੱਚ ਪਾਵਨ ਦੁਨੀਆ ਸੀ ਤਾਂ ਸਾਰੇ ਸੁਖੀ ਸਨ। ਹੁਣ ਬਾਪ ਫਿਰ ਕਹਿੰਦੇ ਹਨ ਬੱਚੇ, ਸ਼ਾਂਤੀਧਾਮ ਅਤੇ ਸੁੱਖਧਾਮ ਨੂੰ ਯਾਦ ਕਰਦੇ ਰਹੋ। ਹੁਣ ਹੈ ਸੰਗਮਯੁੱਗ, ਖ਼ਵਈਆ ਤੁਹਾਨੂੰ ਇਸ ਪਾਰ ਤੋਂ ਉਸ ਪਾਰ ਲੈ ਜਾਂਦੇ ਹਨ। ਬੇੜੀ ਕੋਈ ਇਕ ਨਹੀਂ, ਸਾਰੀ ਦੁਨੀਆਂ ਜਿਸ ਤਰ੍ਹਾਂ ਇੱਕ ਵੱਡਾ ਜਹਾਜ਼ ਹੈ, ਓਹਨਾਂ ਨੂੰ ਪਾਰ ਲੈ ਜਾਂਦੇ ਹਨ।

ਤੁਹਾਨੂੰ ਮਿੱਠੇ ਬੱਚਿਆਂ ਨੂੰ ਕਿੰਨੀਆਂ ਖੁਸ਼ੀਆਂ ਹੋਣੀਆਂ ਚਾਹੀਦੀਆਂ ਹਨ। ਤੁਹਾਡੇ ਲਈ ਤਾਂ ਸਦਾ ਖੁਸ਼ੀ ਹੀ ਖੁਸ਼ੀ ਹੈ। ਬੇਹੱਦ ਦਾ ਬਾਪ ਸਾਨੂੰ ਪੜ੍ਹਾ ਰਹੇ ਹਨ, ਵਾਹ! ਇਹ ਤਾਂ ਕਦੇ ਸੁਣਿਆ ਨਾ ਪੜਿਆ। ਭਗਵਾਨੁਵਾਚ, ਮੈਂ ਤੁਹਾਨੂੰ ਰਾਜਯੋਗ ਸਿਖਾਉਂਦਾ ਹਾਂ। ਤੁਹਾਨੂੰ ਬੱਚਿਆਂ ਨੂੰ ਰਾਜਯੋਗ ਸਿਖਾਉਂਦਾ ਹਾਂ ਤਾਂ ਚੰਗੀ ਤਰ੍ਹਾਂ ਸਿੱਖਣਾ ਚਾਹੀਦਾ। ਧਾਰਨਾ ਕਰਨੀ ਚਾਹੀਦੀ। ਪੂਰੀ ਤਰ੍ਹਾਂ ਪੜ੍ਹਨਾ ਚਾਹੀਦਾ। ਪੜ੍ਹਾਈ ਵਿੱਚ ਨੰਬਰਵਾਰ ਤਾਂ ਸਦਾ ਹੁੰਦੇ ਹੀ ਹਨ। ਖੁੱਦ ਨੂੰ ਦੇਖਣਾ ਚਾਹੀਦਾ ਹੈ - ਮੈਂ ਉੱਤਮ ਹਾਂ, ਮਧਿਅਮ ਹਾਂ ਜਾਂ ਕਨਿਸ਼ਟ ਹਾਂ? ਬਾਪ ਕਹਿੰਦੇ ਹਨ ਖੁੱਦ ਨੂੰ ਦੇਖੋ ਮੈਂ ਉੱਚਾ ਪਦ ਪਾਉਣ ਦੇ ਲਾਇਕ ਹਾਂ? ਰੂਹਾਨੀ ਸਰਵਿਸ ਕਰਦਾ ਹਾਂ? ਕਿਉਂਕਿ ਬਾਪ ਕਹਿੰਦੇ ਹਨ ਬੱਚੇ ਸਰਵਿਸਏਬਲ ਬਣੋ, ਫਾਲੋ ਕਰੋ। ਮੈਂ ਆਇਆ ਹੀ ਹਾਂ ਸਰਵਿਸ ਦੇ ਲਈ, ਰੋਜ਼ ਸਰਵਿਸ ਕਰਦਾ ਹਾਂ, ਇਸਲਈ ਤਾਂ ਇਹ ਰੱਥ ਲਿਆ ਹੈ। ਇਹਨਾਂ ਦਾ ਰੱਥ ਬਿਮਾਰ ਹੋ ਜਾਂਦਾ ਤਾਂ ਮੈਂ ਇਹਨਾਂ ਵਿੱਚ ਬੈਠ ਮੁਰਲੀ ਲਿਖਦਾ ਹਾਂ। ਮੁੱਖ ਤੋਂ ਬੋਲ ਨਹੀਂ ਸਕਦੇ ਤਾਂ ਮੈਂ ਲਿਖ ਦਿੰਦਾ ਹਾਂ, ਤਾਂ ਕਿ ਬੱਚਿਆਂ ਦੇ ਲਈ ਮੁਰਲੀ ਮਿਸ ਨਾਂ ਹੋਵੇ ਤਾਂ ਮੈਂ ਵੀ ਸਰਵਿਸ ਤੇ ਹਾਂ ਨਾ। ਇਹ ਹੈ ਰੂਹਾਨੀ ਸਰਵਿਸ।

ਬਾਪ ਮਿੱਠੇ-ਮਿੱਠੇ ਬੱਚਿਆਂ ਨੂੰ ਸਮਝਾਉਂਦੇ ਹਨ, ਬੱਚੇ ਤੁਸੀਂ ਵੀ ਬਾਪ ਦੀ ਸਰਵਿਸ ਵਿੱਚ ਲੱਗ ਜਾਓ। ਆਨ ਗੌਡਫਾਦਰਲੀ ਸਰਵਿਸ। ਸਾਰੇ ਵਿਸ਼ਵ ਦਾ ਮਾਲਿਕ ਬਾਪ ਹੀ ਤੁਹਾਨੂੰ ਮਾਲਿਕ ਬਨਾਉਣ ਆਏ ਹਨ। ਜੋ ਅੱਛਾ ਪੁਰਸ਼ਾਰਥ ਕਰਦੇ ਹਨ ਉਹਨਾਂ ਨੂੰ ਮਹਾਂਵੀਰ ਕਿਹਾ ਜਾਂਦਾ ਹੈ। ਦੇਖਿਆ ਜਾਂਦਾ ਹੈ ਕੌਣ ਮਹਾਂਵੀਰ ਹਨ ਜੋ ਬਾਬਾ ਦੇ ਡਾਇਰੈਕਸ਼ਨ ਤੇ ਚੱਲਦੇ ਹਨ। ਬਾਪ ਦਾ ਫ਼ਰਮਾਨ ਹੈ ਖੁੱਦ ਨੂੰ ਆਤਮਾ ਸਮਝ ਭਾਈ-ਭਾਈ ਦੇਖੋ। ਇਸ ਸ਼ਰੀਰ ਨੂੰ ਭੁੱਲ ਜਾਓ। ਬਾਬਾ ਵੀ ਇਹਨਾਂ ਸ਼ਰੀਰਾਂ ਨੂੰ ਨਹੀਂ ਦੇਖਦੇ ਹਨ। ਬਾਪ ਕਹਿੰਦੇ ਹਨ ਮੈਂ ਆਤਮਾਵਾਂ ਨੂੰ ਦੇਖਦਾ ਹਾਂ। ਬਾਕੀ ਇਹ ਤਾਂ ਗਿਆਨ ਹੈ ਕਿ ਆਤਮਾ ਸ਼ਰੀਰ ਬਿਗੈਰ ਬੋਲ ਨਹੀਂ ਸਕਦੀ। ਮੈਂ ਇਸ ਸ਼ਰੀਰ ਵਿੱਚ ਆਇਆ ਹਾਂ, ਲੋਨ ਲਿਆ ਹੋਇਆ ਹੈ। ਸ਼ਰੀਰ ਦੇ ਨਾਲ ਹੀ ਆਤਮਾ ਪੜ੍ਹ ਸਕਦੀ ਹੈ। ਬਾਬਾ ਦੀ ਬੈਠਕ ਇੱਥੇ ਹੈ। ਇਹ ਹੈ ਅਕਾਲ ਤਖ਼ਤ, ਆਤਮਾ ਅਕਾਲਮੂਰਤ ਹੈ। ਆਤਮਾ ਕਦੀਂ ਛੋਟੀ ਵੱਡੀ ਨਹੀਂ ਹੁੰਦੀ ਹੈ, ਸ਼ਰੀਰ ਛੋਟਾ ਵੱਡਾ ਹੁੰਦਾ ਹੈ। ਜੋ ਵੀ ਆਤਮਾਵਾਂ ਹਨ, ਉਹਨਾਂ ਸਾਰਿਆਂ ਦਾ ਤਖ਼ਤ ਇਸ ਭ੍ਰਕੁਟੀ ਦੇ ਵਿੱਚ ਹੈ। ਸ਼ਰੀਰ ਤਾਂ ਸਾਰਿਆਂ ਦੇ ਵੱਖ - ਵੱਖ ਹੁੰਦੇ ਹਨ। ਕਿਸੇ ਦਾ ਅਕਾਲ ਤਖ਼ਤ ਪੁਰਸ਼ ਦਾ, ਕਿਸੇ ਦਾ ਅਕਾਲ ਤਖ਼ਤ ਇਸਤਰੀ ਦਾ ਹੈ, ਕਿਸੇ ਦਾ ਅਕਾਲ ਤਖ਼ਤ ਬੱਚੇ ਦਾ ਹੈ। ਬਾਪ ਬੈਠ ਬੱਚਿਆਂ ਨੂੰ ਰੂਹਾਨੀ ਡਰਿੱਲ ਸਿੱਖਾਉਂਦੇ ਹਨ। ਜਦੋਂ ਕਿਸੇ ਨਾਲ ਗੱਲ ਕਰੋ ਤਾਂ ਖੁੱਦ ਨੂੰ ਆਤਮਾ ਸਮਝੋ। ਅਸੀਂ ਆਤਮਾ ਫ਼ਲਾਣੇ ਭਾਈ ਨਾਲ ਗੱਲ ਕਰਦੇ ਹਾਂ। ਬਾਪ ਦਾ ਪੈਗ਼ਾਮ ਦਿੰਦੇ ਹਾਂ ਕਿ ਸ਼ਿਵਬਾਬਾ ਨੂੰ ਯਾਦ ਕਰੋ। ਯਾਦ ਨਾਲ ਹੀ ਜੰਗ ਉਤਰਨੀ ਹੈ। ਸੋਨੇ ਵਿੱਚ ਜਦ ਅਲੋਏ (ਖਾਦ) ਪੈਂਦੀ ਹੈ ਤਾਂ ਸੋਨੇ ਦੀ ਵੈਲਿਊ ਹੀ ਘੱਟ ਹੋ ਜਾਂਦੀ ਹੈ। ਤੁਹਾਡੀ ਆਤਮਾਵਾਂ ਵਿੱਚ ਵੀ ਜੰਗ ਲੱਗਣ ਨਾਲ ਵੈਲਿਊਲੈੱਸ ਹੋ ਗਏ ਹੋ। ਹੁਣ ਫਿਰ ਪਾਵਨ ਬਣਨਾ ਹੈ। ਤੁਹਾਨੂੰ ਆਤਮਾਵਾਂ ਨੂੰ ਹੁਣ ਗਿਆਨ ਦੀ ਤੀਸਰੀ ਅੱਖ ਮਿਲੀ ਹੈ, ਉਸ ਅੱਖ ਨਾਲ ਆਪਣੇ ਭਾਈਆਂ ਨੂੰ ਦੇਖੋ। ਭਾਈ-ਭਾਈ ਨੂੰ ਦੇਖਣ ਨਾਲ ਕਰਮੇਂਦ੍ਰਿਆਂ ਕਦੀ ਚੰਚਲ ਨਹੀਂ ਹੋਣਗੀਆਂ। ਰਾਜ-ਭਾਗ ਲੈਣਾ ਹੈ, ਵਿਸ਼ਵ ਦਾ ਮਾਲਿਕ ਬਣਨਾ ਹੈ ਤਾਂ ਇਹ ਮਿਹਨਤ ਕਰੋ। ਭਾਈ-ਭਾਈ ਸਮਝ ਸਾਰਿਆਂ ਨੂੰ ਇਹ ਗਿਆਨ ਦਿਓ ਤਾਂ ਫਿਰ ਇਹ ਆਦਤ ਪੱਕੀ ਹੋ ਜਾਏਗੀ। ਸੱਚੇ-ਸੱਚੇ ਬ੍ਰਦਰ ਤੁਸੀਂ ਸਾਰੇ ਹੋ। ਬਾਪ ਵੀ ਉਪਰੋਂ ਆਏ ਹਨ, ਤੁਸੀਂ ਵੀ ਆਏ ਹੋ। ਬਾਪ ਬੱਚਿਆਂ ਸਮੇਤ ਸਰਵਿਸ ਕਰ ਰਹੇ ਹਨ। ਸਰਵਿਸ ਕਰਨ ਦੀ ਬਾਪ ਹਿੰਮਤ ਦਿੰਦੇ ਹਨ। ਹਿੰਮਤੇ ਮਰਦਾ... ਤਾਂ ਇਹ ਪ੍ਰੈਕਟਿਸ ਕਰਨੀ ਹੈ - ਮੈਂ ਆਤਮਾ ਭਾਈ ਨੂੰ ਪੜ੍ਹਾਉਂਦਾ ਹਾਂ। ਆਤਮਾ ਪੜ੍ਹਦੀ ਹੈ ਨਾ। ਇਸ ਨੂੰ ਸਪ੍ਰਿਚੂਅਲ ਨਾਲੇਜ਼ ਕਿਹਾ ਜਾਂਦਾ ਹੈ, ਜੋ ਰੂਹਾਨੀ ਬਾਪ ਤੋਂ ਹੀ ਮਿਲਦੀ ਹੈ। ਸੰਗਮ ਤੇ ਹੀ ਬਾਪ ਆਕੇ ਇਹ ਨਾਲੇਜ਼ ਦਿੰਦੇ ਹਨ। ਕਿ ਖੁੱਦ ਨੂੰ ਆਤਮਾ ਸਮਝੋ। ਤੁਸੀਂ ਨੰਗੇ (ਅਸ਼ਰੀਰੀ) ਆਏ ਸੀ ਫਿਰ ਇੱਥੇ ਸ਼ਰੀਰ ਧਾਰਨ ਕਰਕੇ ਤੁਸੀਂ 84 ਜਨਮ ਪਾਰਟ ਵਜਾਇਆ ਹੈ। ਹੁਣ ਫਿਰ ਵਾਪਿਸ ਜਾਣਾ ਹੈ ਇਸਲਈ ਖੁੱਦ ਨੂੰ ਆਤਮਾ ਸਮਝ ਭਾਈ-ਭਾਈ ਦੀ ਨਜ਼ਰ ਨਾਲ ਦੇਖਣਾ ਹੈ। ਇਹ ਮਿਹਨਤ ਕਰਨੀ ਹੈ। ਆਪਣੀ ਮਿਹਨਤ ਕਰਨੀ ਹੈ, ਦੂਸਰੇ ਵਿੱਚ ਸਾਡਾ ਕੀ ਜਾਂਦਾ। ਚੈਰਿਟੀ ਬਗਿੰਜ ਐਟ ਹੋਮ ਮਤਲਬ ਪਹਿਲਾਂ ਖੁੱਦ ਨੂੰ ਆਤਮਾ ਸਮਝ ਫਿਰ ਭਾਈਆਂ ਨੂੰ ਸਮਝਾਓ ਤਾਂ ਚੰਗੀ ਤਰ੍ਹਾਂ ਤੀਰ ਲੱਗੇਗਾ। ਇਹ ਜੌਹਰ ਭਰਨਾ ਹੈ। ਮਿਹਨਤ ਕਰਨਗੇ ਤਾਂ ਹੀ ਉੱਚ ਪਦ ਪਾਉਣਗੇ। ਬਾਪ ਆਏ ਹੀ ਹਨ ਫ਼ਲ ਦੇਣ ਤਾਂ ਮਿਹਨਤ ਕਰਨੀ ਪਵੇ। ਕੁੱਛ ਸਹਿਣ ਵੀ ਕਰਨਾ ਪੈਂਦਾ ਹੈ।

ਕੋਈ ਉਲਟੀ-ਸੁਲਟੀ ਗੱਲ ਕਰੇਂ ਤਾਂ ਤੁਸੀਂ ਚੁੱਪ ਰਹੋ। ਤੁਸੀਂ ਚੁੱਪ ਰਹੋਗੇ ਤਾਂ ਫਿਰ ਦੂਸਰਾ ਕੀ ਕਰੇਗਾ! ਤਾੜੀ ਤਾਂ ਦੋ ਹੱਥਾਂ ਨਾਲ ਵੱਜਦੀ ਹੈ। ਇਕ ਨੇ ਮੁੱਖ ਦੀ ਤਾੜੀ ਵਜਾਈ, ਦੂਸਰਾ ਚੁੱਪ ਕਰ ਜਾਏ ਤਾਂ ਉਹ ਆਪੇ ਹੀ ਚੁੱਪ ਕਰ ਜਾਣਗੇ। ਤਾੜੀ ਨਾਲ ਤਾੜੀ ਵੱਜਣ ਨਾਲ ਅਵਾਜ਼ ਹੋ ਜਾਂਦਾ ਹੈ। ਬੱਚਿਆਂ ਨੇ ਇੱਕ ਦੂਸਰੇ ਦਾ ਕਲਿਆਣ ਕਰਨਾ ਹੈ। ਬਾਪ ਸਮਝਾਉਂਦੇ ਹਨ ਬੱਚੇ, ਸਦਾ ਖੁਸ਼ੀ ਵਿੱਚ ਰਹਿਣਾ ਚਾਹੁੰਦੇ ਹੋ ਤਾਂ ਮਨਮਨਾਭਵ। ਖੁੱਦ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਭਾਈਆਂ (ਆਤਮਾਵਾਂ) ਵਲ ਵੇਖੋ। ਭਾਈਆਂ ਨੂੰ ਵੀ ਇਹ ਨਾਲੇਜ਼ ਦੇਵੋ। ਯੋਗ ਕਰਾਉਂਦੇ ਹੋ ਤਾਂ ਵੀ ਖੁੱਦ ਨੂੰ ਆਤਮਾ ਸਮਝ ਭਾਈਆਂ ਨੂੰ ਦੇਖਦੇ ਰਹਾਂਗੇ ਤਾਂ ਵੀ ਸਰਵਿਸ ਅੱਛੀ ਹੋਵੇਗੀ। ਬਾਬਾ ਨੇ

ਕਿਹਾ ਹੈ ਭਾਈਆਂ ਨੂੰ ਸਮਝਾਓ। ਭਾਈ ਸਾਰੇ ਬਾਪ ਤੋਂ ਵਰਸਾ ਲੈਂਦੇ ਹਨ। ਇਹ ਰੂਹਾਨੀ ਨਾਲੇਜ਼ ਇੱਕ ਹੀ ਵਾਰ ਤੁਹਾਨੂੰ ਬ੍ਰਾਹਮਣ ਬੱਚਿਆਂ ਨੂੰ ਮਿਲਦੀ ਹੈ। ਤੁਸੀਂ ਬ੍ਰਾਹਮਣ ਹੋ ਫਿਰ ਦੇਵਤਾ ਬਣਨ ਵਾਲੇ ਹੋ। ਇਸ ਸੰਗਮਯੁੱਗ ਨੂੰ ਥੋੜ੍ਹਾ ਛੱਡਾਂਗੇ, ਨਹੀਂ ਤਾਂ ਪਾਰ ਕਿਸ ਤਰ੍ਹਾਂ ਜਾਵਾਂਗੇ! ਕੁੱਦਣਗੇ ਥੋੜਾ। ਇਹ ਵੰਡਰਫੁਲ ਸੰਗਮਯੁੱਗ ਹੈ। ਤਾਂ ਬੱਚਿਆਂ ਨੂੰ ਰੂਹਾਨੀ ਯਾਤਰਾ ਤੇ ਰਹਿਣ ਦੀ ਆਦਤ ਪਾਉਣੀ ਹੈ। ਤੁਹਾਡੇ ਹੀ ਫਾਇਦੇ ਦੀ ਗੱਲ ਹੈ। ਬਾਪ ਦੀ ਸਿੱਖਿਆ ਭਾਈਆਂ ਨੂੰ ਦੇਣੀ ਹੈ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਆਤਮਾਵਾਂ ਨੂੰ ਗਿਆਨ ਦੇ ਰਿਹਾ ਹਾਂ, ਆਤਮਾ ਨੂੰ ਹੀ ਦੇਖਦਾ ਹਾਂ। ਮਨੁੱਖ-ਮਨੁੱਖ ਨਾਲ ਗੱਲ ਕਰਨਗੇ ਤਾਂ ਉਹਨਾਂ ਦਾ ਮੂੰਹ ਦੇਖਣਗੇ ਨਾ। ਤੁਸੀਂ ਆਤਮਾ ਦੇ ਨਾਲ ਗੱਲ ਕਰਦੇ ਹੋ ਤਾਂ ਆਤਮਾ ਨੂੰ ਹੀ ਦੇਖਣਾ ਹੈ। ਭਾਵੇਂ ਸ਼ਰੀਰ ਰਾਹੀਂ ਗਿਆਨ ਦਿੰਦੇ ਹੋ ਪਰ ਇਸ ਵਿੱਚ ਸ਼ਰੀਰ ਦਾ ਭਾਨ ਛੱਡਣਾ ਹੈ। ਤੁਹਾਡੀ ਆਤਮਾ ਸਮਝਦੀ ਹੈ ਕਿ ਪਰਮਾਤਮਾ ਬਾਪ ਸਾਨੂੰ ਗਿਆਨ ਦੇ ਰਹੇ ਹਨ। ਬਾਪ ਵੀ ਕਹਿੰਦੇ ਮੈਂ ਆਤਮਾਵਾਂ ਨੂੰ ਦੇਖਦਾ ਹਾਂ, ਆਤਮਾਵਾਂ ਵੀ ਕਹਿੰਦੀਆਂ ਹਨ ਅਸੀਂ ਪਰਮਾਤਮਾ ਬਾਪ ਨੂੰ ਦੇਖ ਰਹੇ ਹਾਂ। ਉਨ੍ਹਾਂ ਤੋਂ ਨਾਲੇਜ ਲੈ ਰਹੇ ਹਾਂ, ਇਸਨੂੰ ਕਿਹਾ ਜਾਂਦਾ ਹੈ ਸਪ੍ਰੀਚੂਅਲ ਗਿਆਨ ਦੀ ਲੇਨ - ਦੇਣ, ਆਤਮਾ ਦੀ ਆਤਮਾ ਦੇ ਨਾਲ। ਆਤਮਾ ਵਿੱਚ ਹੀ ਗਿਆਨ ਹੈ, ਆਤਮਾ ਨੂੰ ਹੀ ਗਿਆਨ ਦੇਣਾ ਹੈ। ਇਹ ਜਿਵੇਂ ਕਿ ਜੌਹਰ ਹੈ। ਤੁਹਾਡੇ ਗਿਆਨ ਵਿੱਚ ਇਹ ਜੌਹਰ ਭਰ ਜਾਏਗਾ ਤਾਂ ਕਿਸੇ ਨੂੰ ਵੀ ਸਮਝਾਉਣ ਨਾਲ ਝੱਟ ਤੀਰ ਲੱਗ ਜਾਵੇਗਾ। ਬਾਪ ਕਹਿੰਦੇ ਹਨ ਪ੍ਰੈਕਟਿਸ ਕਰਕੇ ਦੇਖੋ, ਤੀਰ ਲਗਦਾ ਹੈ ਨਾ। ਇਹ ਨਵੀਂ ਆਦਤ ਪਾਉਣੀ ਹੈ ਤਾਂ ਫਿਰ ਸ਼ਰੀਰ ਦਾ ਭਾਨ ਨਿਕਲ ਜਾਏਗਾ। ਮਾਇਆ ਦੇ ਤੂਫਾਨ ਘੱਟ ਅਉਣਗੇ। ਭੈੜੇ ਸੰਕਲਪ ਨਹੀਂ ਆਉਣਗੇ। ਕ੍ਰਿਮੀਨਲ ਆਈ ਵੀ ਨਹੀਂ ਰਹੇਗੀ। ਅਸੀਂ ਆਤਮਾ ਨੇ 84 ਦਾ ਚੱਕਰ ਲਗਾਇਆ। ਹੁਣ ਨਾਟਕ ਪੂਰਾ ਹੁੰਦਾ ਹੈ। ਹੁਣ ਬਾਬਾ ਦੀ ਯਾਦ ਵਿੱਚ ਰਹਿਣਾ ਹੈ। ਯਾਦ ਨਾਲ ਹੀ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣ, ਸਤੋਪ੍ਰਧਾਨ ਦੁਨੀਆ ਦੇ ਮਾਲਿਕ ਬਣ ਜਾਣਗੇ। ਕਿੰਨਾ ਸਹਿਜ ਰਸਤਾ ਹੈ। ਬਾਪ ਜਾਣਦੇ ਹਨ ਬੱਚਿਆਂ ਨੂੰ ਇਹ ਸਿੱਖਿਆ ਦੇਣਾ ਬਾਪ ਦਾ ਹੀ ਪਾਰਟ ਹੈ। ਕੋਈ ਨਵੀਂ ਗੱਲ ਨਹੀਂ। ਹਰ 5000 ਸਾਲ ਬਾਅਦ ਅਸੀਂ ਆਉਣਾ ਹੁੰਦਾ ਹੈ। ਮੈਂ ਬੰਧਾਏਮਾਨ ਹਾਂ। ਬੱਚਿਆਂ ਨੂੰ ਬੈਠ ਸਮਝਾਉਂਦਾ ਹਾਂ ਮਿੱਠੇ ਬੱਚੇ ਰੂਹਾਨੀ ਯਾਦ ਦੀ ਯਾਤਰਾ ਵਿੱਚ ਰਹੋ ਤਾਂ ਅੰਤ ਮਤੀ ਸੋ ਗਤੀ ਹੋ ਜਾਏਗੀ। ਇਹ ਅੰਤਕਾਲ ਹੈ ਨਾ। ਮਾਮੇਕਮ ਯਾਦ ਕਰੋ ਤਾਂ ਤੁਹਾਡੀ ਸਦਗਤੀ ਹੋ ਜਾਏਗੀ। ਇਹ ਦੇਹ-ਅਭਿਮਾਨੀ ਬਣਨ ਦੀ ਸਿੱਖਿਆ ਇੱਕ ਹੀ ਵਾਰ ਤੁਹਾਨੂੰ ਬੱਚਿਆਂ ਨੂੰ ਮਿਲਦੀ ਹੈ। ਕਿੰਨਾ ਵੰਡਰਫੁਲ ਗਿਆਨ ਹੈ। ਬਾਬਾ ਵੰਡਰਫੁਲ ਹੈ ਤਾਂ ਬਾਬਾ ਦਾ ਗਿਆਨ ਵੀ ਵੰਡਰਫੁਲ ਹੈ। ਕਦੀਂ ਕੋਈ ਦੱਸ ਨਾਂ ਸਕੇ। ਹੁਣ ਵਾਪਿਸ ਜਾਣਾ ਹੈ ਇਸ ਲਈ ਬਾਪ ਕਹਿੰਦੇ ਹਨ ਮਿੱਠੇ ਬੱਚਿਓ ਇਹ ਪ੍ਰੈਕਟਿਸ ਕਰੋ। ਖ਼ੁਦ ਨੂੰ ਆਤਮਾ ਸਮਝ ਆਤਮਾ ਨੂੰ ਗਿਆਨ ਦਿਓ। ਤੀਸਰੀ ਅੱਖ ਨਾਲ ਭਾਈ-ਭਾਈ ਨੂੰ ਦੇਖਣਾ ਹੈ, ਇਹ ਬੜੀ ਮਿਹਨਤ ਹੈ । ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਜਿਸ ਤਰ੍ਹਾਂ ਬਾਪ ਬੱਚਿਆਂ ਦੀ ਰੂਹਾਨੀ ਸਰਵਿਸ ਤੇ ਆਏ ਹਨ, ਇਸ ਤਰ੍ਹਾਂ ਬਾਪ ਨੂੰ ਫਾਲੋ ਕਰਕੇ ਰੂਹਾਨੀ ਸਰਵਿਸ ਕਰਨੀ ਹੈ, ਬਾਪ ਦੇ ਡਾਇਰੈਕਸ਼ਨ ਤੇ ਚੱਲ, ਖ਼ੁਸ਼ੀ ਦੀ ਖੁਰਾਕ ਖਾਣੀ ਤੇ ਖਵਾਉਣੀ ਹੈ।

2. ਕੋਈ ਉਲਟੀ-ਸੁਲਟੀ ਗੱਲ ਬੋਲੇ ਤਾਂ ਚੁੱਪ ਰਹਿਣਾ ਹੈ, ਮੂੰਹ ਦੀ ਤਾੜੀ ਨਹੀਂ ਵਜਾਉਣੀ ਹੈ। ਸਹਿਣ ਕਰਨਾ ਹੈ।

ਵਰਦਾਨ:- ਦ੍ਰਿੜਤਾ ਦੀ ਸੀਟ ਤੇ ਮਨ - ਬੁੱਧੀ ਨੂੰ ਸੈੱਟ ਤੇ ਸੈੱਟ ਕਰਨ ਵਾਲੇ ਸਹਿਜਯੋਗੀ ਭਵ।

ਬੱਚਿਆਂ ਦਾ ਬਾਪ ਨਾਲ ਪਿਆਰ ਹੈ ਇਸਲਈ ਯਾਦ ਵਿੱਚ ਸ਼ਕਤੀਸ਼ਾਲੀ ਹੋ ਬੈਠਨ ਦਾ, ਚੱਲਣ ਦਾ, ਸੇਵਾ ਕਰਨ ਦਾ ਅਟੈਂਸ਼ਨ ਬਹੁਤ ਦਿੰਦੇ ਹਨ ਲੇਕਿਨ ਮਨ ਤੇ ਜੇਕਰ ਪੂਰਾ ਕੰਟ੍ਰੋਲ ਨਹੀਂ ਹੈ, ਮਨ ਆਰਡਰ ਵਿੱਚ ਨਹੀਂ ਹੈ ਤਾਂ ਥੋੜ੍ਹਾ ਸਮਾਂ ਚੰਗਾ ਬੈਠਦੇ ਹਨ ਫਿਰ ਹਿਲਣਾ ਡੁਲਣਾ ਸ਼ੁਰੂ ਕਰ ਦਿੰਦੇ ਹਨ। ਕਦੇ ਸੈੱਟ ਹੁੰਦੇ ਅਤੇ ਕਦੇ ਅਪਸੈੱਟ। ਲੇਕਿਨ ਇਕਾਗ੍ਰਤਾ ਦੀ ਜਾਂ ਦ੍ਰਿੜਤਾ ਦੀ ਸ਼ਕਤੀ ਨਾਲ ਮਨ - ਬੁੱਧੀ ਨੂੰ ਇੱਕਰਸ ਸਥਿਤੀ ਦੀ ਸੀਟ ਤੇ ਸੈੱਟ ਕਰ ਦਵੋ ਤਾਂ ਸਹਿਜਯੋਗੀ ਬਣ ਜਾਵੋਗੇ।

ਸਲੋਗਨ:- ਜੋ ਵੀ ਸ਼ਕਤੀਆਂ ਹਨ ਉਨ੍ਹਾਂ ਨੂੰ ਸਮੇਂ ਤੇ ਯੂਜ਼ ਕਰੋ ਤਾਂ ਬਹੁਤ ਚੰਗੇ - ਚੰਗੇ ਅਨੁਭਵ ਹੋਣਗੇ।

******

ਅਵਿਅਕਤੀ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਹੁਣ ਹਰ ਇੱਕ ਬ੍ਰਾਹਮਣ ਬ੍ਰਹਮਾ ਬਾਪ ਸਮਾਨ ਚੇਤੰਨ ਚਿੱਤਰ ਬਣੇ। ਲਾਈਟ ਅਤੇ ਮਾਇਟ ਹਾਊਸ ਦੀ ਝਾਕੀ ਬਣੇ। ਸੰਕਲਪ ਸ਼ਕਤੀ ਦਾ, ਸਾਇਲੈਂਸ ਦਾ ਭਾਸ਼ਣ ਤਿਆਰ ਕਰ ਕਰਮਾਤੀਤ ਡਬਲ ਲਾਈਟ ਫਰਿਸ਼ਤਾ ਸਟੇਜ ਤੇ ਵਰਦਾਨੀ ਮੂਰਤ ਦਾ ਪਾਰਟ ਵਜਾਏ, ਤਾਂ ਸੰਪੂਰਨਤਾ ਸਮੀਪ ਆਵੇਗੀ। ਉਸ ਕਰਮਾਤੀਤ ਸਟੇਜ ਦੇ ਆਧਾਰ ਤੇ ਜਿਸ ਦੇ ਪ੍ਰਤੀ ਜੋ ਸੰਕਲਪ ਕਰੋਗੇ ਉਸ ਦੇ ਕੋਲ ਉਹ ਸੰਕਲਪ ਪੁੱਜ ਜਾਣਗੇ।